**ਅਕਾਦਮਿਕ ਸਾਲ 2020-21 ਲਈ ਪੰਜਵੀਂ ਸ਼੍ਰੇਣੀ ਵਿੱਚ ਦਾਖਲੇ ਲਈ ਯੋਗਤਾਵਾਂ ਅਤੇ ਸ਼ਰਤਾਂ:-**

1. ਯੋਗਤਾ ਸਬੰਧੀ ਜ਼ਿੰਮੇਵਾਰੀ ਨਿਰੋਲ ਸਕੂਲ ਮੁਖੀ ਦੀ ਹੈ। ਇਸ ਲਈ ਦਾਖਲੇ ਸਬੰਧੀ ਯੋਗਤਾਵਾਂ ਅਤੇ ਸ਼ਰਤਾਂ ਨੂੰ ਮੁੱਖ ਰੱਖ ਕੇ ਹੀ ਵਿਦਿਆਰਥੀਆਂ ਦਾਖਲੇ ਪ੍ਰਵਾਨ ਕੀਤੇ ਜਾਣ। ਇਸ ਮਕਸਦ ਲਈ ਇੱਕ ਦਾਖਲਾ ਪੜਤਾਲ ਕਮੇਟੀ ਬਣਾਈ ਜਾਵੇ, ਜੋ ਪੂਰਨ ਘੋਖ ਕਰਕੇ ਯੋਗਤਾ ਚੈੱਕ ਕਰੇ ਤਾ ਜੋ ਕੇਵਲ ਯੋਗ ਵਿਦਿਆਰਥੀ ਹੀ ਦਾਖਲ ਹੋ ਸਕਣ।

2. ਪੰਜਵੀਂ ਸ਼੍ਰੇਣੀ ਵਿੱਚ ਉਹ ਵਿਦਿਆਰਥੀ ਹੀ ਦਾਖਲ ਕੀਤੇ ਜਾਣ, ਜਿਨ੍ਹਾਂ ਨੇ ਚੌਥੀ ਸ਼੍ਰੇਣੀ ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਰਕਾਰੀ/ਐਫੀਲਿਏਟਿਡ/ਏਡਿਡ ਐਸੋਸੀਏਟਿਡ ਸਕੂਲ ਤੋਂ ਪਾਸ ਕੀਤੀ ਹੋਵੇ। ਜਦੋਂ ਵੀ ਸਕੂਲ ਵੱਲੋਂ ਬੋਰਡ ਨਾਲ ਕੋਈ ਪੱਤਰ ਵਿਹਾਰ ਕਰਨਾ ਹੋਵੇ, ਸਕੂਲ ਵੱਲੋਂ ਭੇਜੇ ਗਏ ਪੱਤਰ ਵਿੱਚ ਸ਼ਨਾਖਤੀ ਨੰਬਰ/ਸਕੂਲ ਕੋਡ ਲਿਖਿਆ ਹੋਣਾ ਚਾਹੀਦਾ ਹੈ ।

ਜਾਂ

ਪੰਜਵੀਂ ਸ਼੍ਰੇਣੀ ਵਿੱਚ ਦਾਖਲ ਹੋਣ ਲਈ ਵਿਦਿਆਰਥੀ ਦੀ 31 ਮਾਰਚ ਤੱਕ ਘੱਟੋ ਘੱਟ ਉਮਰ 9 ਸਾਲ ਹੋਣੀ ਚਾਹੀਦੀ ਹੈ। ਇਸ ਸਬੰਧੀ ਯੋਗਤਾ ਚੈੱਕ ਕਰਨ ਦੀ ਨਿਰੋਲ ਜ਼ਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ।

3. ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਬੋਰਡ ਦੇ ਤੁਲ ਕਿਸੇ ਦੂਜੇ ਬੋਰਡ ਤੋਂ ਪਿਛਲੇ ਦੋ ਸਾਲਾਂ ਤੱਕ ਪੰਜਵੀਂ ਸ਼੍ਰੇਣੀ ਵਿੱਚ ਕੇਵਲ ਰੈਗੂਲਰ ਵਿਦਿਆਰਥੀ ਜਿੰਨਾਂ ਦਾ ਨਤੀਜਾ Not promoted ਘੋਸ਼ਿਤ ਹੋਇਆ ਹੋਵੇ, ਹੀ ਪੰਜਵੀਂ ਸ਼੍ਰੇਣੀ ਵਿੱਚ ਰੈਗੂਲਰ ਦਾਖਲੇ ਦੇ ਯੋਗ ਹੋਣਗੇ।

4. ਜੇ ਕੋਈ ਰੈਗੂਲਰ ਉਮੀਦਵਾਰ ਪੰਜਵੀਂ ਸ਼੍ਰੇਣੀ ਦੀ ਰੀ-ਅਪੀਅਰ ਪ੍ਰੀਖਿਆ ਵਿੱਚ promoted ਹੁੰਦਾ ਹੈ ਤਾਂ ਉਹ ਛੇਵੀਂ ਸ਼੍ਰੇਣੀ ਵਿੱਚ ਦਾਖਲੇ ਦੇ ਯੋਗ ਹੈ। ਜੇਕਰ ਮੌਜੂਦਾ ਸੈਸ਼ਨ ਵਿੱਚ ਕੋਈ ਉਮੀਦਵਾਰ ਪੰਜਵੀਂ ਦੀ ਰੀ-ਅਪੀਅਰ ਦੀ ਪ੍ਰੀਖਿਆ ਵਿੱਚ Not promoted ਘੋਸ਼ਿਤ ਹੁੰਦਾ ਹੈ ਤਾਂ ਉਹ ਮੌਜੂਦਾ ਸੈਸ਼ਨ ਵਿੱਚ ਮੁੜ ਪੰਜਵੀਂ ਸ਼੍ਰੇਣੀ ਵਿੱਚ ਦਾਖਲੇ ਦੇ ਯੋਗ ਹੈ।

5. ਸਕੂਲਾਂ ਨੂੰ ਪ੍ਰਵਾਨਿਤ ਸੀਟਾਂ ਅਨੁਸਾਰ ਹੀ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਵੇ।

6. ਬੋਰਡ ਵੱਲੋਂ ਜਾਰੀ ਦਾਖਲਾ ਸ਼ਡਿਊਲ ਵਿੱਚ ਦਰਸਾਈਆਂ ਮਿਤੀਆਂ ਖਤਮ ਹੋਣ ਉਪਰੰਤ ਸਕੂਲ ਮੁੱਖੀ ਵੱਲੋਂ ਕਿਸੇ ਵੀ ਵਿਦਿਆਰਥੀ ਨੂੰ ਅਪਣੇ ਪੱਧਰ ਤੇ ਦਾਖਲਾ ਨਾ ਦਿੱਤਾ ਜਾਵੇ।

7. **ਹੋਰ ਰਾਜ/ ਬੋਰਡ ਤੋਂ ਮਾਈਗ੍ਰੇਟ ਹੋ ਕੇ ਆਏ ਵਿਦਿਆਰਥੀਆਂ ਦੇ ਦਾਖਲੇ ਸਬੰਧੀ ਹੇਠਾਂ ਦਰਸਾਏ ਦਸਤਾਵੇਜ ਪੇਸ਼ ਕਰਨ ਤੇ ਹੀ ਵਿਦਿਆਰਥੀ ਸਬੰਧਤ ਸ਼੍ਰੇਣੀ ਵਿੱਚ ਦਾਖਲ ਹੋ ਸਕਦੇ ਹਨ:-**

- ਜਿਹੜੇ ਵਿਦਿਆਰਥੀਆਂ ਨੇ ਜਿਸ ਕਲਾਸ ਵਿੱਚ ਦਾਖਲਾ ਲੈਣਾ ਹੈ, ਉਸ ਕੋਂ. ਹੇਠਲੀ ਸ਼੍ਰੇਣੀ ਪਾਸ ਹੋਣ ਦਾ ਨਤੀਜਾ ਕਾਰਡ ਜਾਂ ਟ੍ਰਾਂਸਫਰ ਸਰਟੀਫਿਕੇਟ (ਕੋਈ ਇੱਕ [illegible]) ਹੀ ਲਿਆ ਜਾਵੇ।

  ਜਾਂ

  ਪੰਜਵੀਂ ਸ਼੍ਰੇਣੀ ਵਿੱਚ ਦਾਖਲ ਹੋਣ ਲਈ ਵਿਦਿਆਰਥੀ ਦੀ 31 ਮਾਰਚ ਤੱਕ ਘੱਟੋ ਘੱਟ ਉਮਰ 9 ਸਾਲ ਹੋਣੀ ਚਾਹੀਦੀ ਹੈ। ਇਸ ਸਬੰਧੀ ਯੋਗਤਾ ਚੈੱਕ ਕਰਨ ਦੀ ਨਿਰੋਲ ਜ਼ਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।

- ਸਕੂਲ ਮੁੱਖੀ ਦੁਆਰਾ ਟ੍ਰਾਂਸਫਰ ਸਰਟੀਫਿਕੇਟ/ਨਤੀਜਾ ਕਾਰਡ ਕਿਸੇ ਹੋਰ ਅਥਾਰਟੀ ਤੋਂ ਵੈਰੀਫਾਈ ਕਰਵਾਉਣ ਦੀ ਲੋੜ ਨਹੀਂ ਹੋਵੇਗੀ। ਇਸ ਸਬੰਧ ਵਿੱਚ ਸਕੂਲ ਮੁੱਖੀ ਸੀ.ਬੀ.ਐਸ.ਈ ਜਾਂ ਦੂਜੇ ਰਾਜਾਂ ਦੇ ਬੋਰਡਾਂ ਦੀ ਵੈੱਬਸਾਈਟ ਤੇ ਜਾ ਕੇ ਸਕੂਲ ਬਾਰੇ ਵੈਰੀਫਾਈ ਕਰ ਲੈਣ ਕਿ ਸਰਟੀਫਿਕੇਟ ਜਾਰੀ ਕਰਨ ਵਾਲੀ ਸੰਸਥਾ/ਸਕੂਲ ਬੋਰਡ ਨਾਲ ਐਫੀਲੀਏਟਡ ਹੈ ਜਾਂ ਨਹੀਂ। ਨਾਲ ਹੀ ਸਕੂਲ ਮੁੱਖੀ ਜਾਂ ਕਲਾਸ ਇੰਚਾਰਜ ਵੈੱਬਸਾਈਟ ਤੇ ਜਾ ਕੇ ਵੈਰੀਫਾਈ ਕਰਨ ਉਪਰੰਤ ਇਸ ਸਬੰਧ ਵਿੱਚ ਆਪਣੇ ਰਿਕਾਰਡ ਨਾਲ ਸਬੰਧਤ ਵੇਰਵੇ ਦਰਜ ਕਰ ਦੇਣ।
- ਜਿਹੜੇ ਵਿਦਿਆਰਥੀ ਦਾਖਲ ਹੋਣ ਸਮੇਂ ਨਤੀਜਾ ਕਾਰਡ ਜਾਂ ਟ੍ਰਾਂਸਫਰ ਸਰਟੀਫਿਕੇਟ ਕਿਸੇ ਵਜ੍ਹਾ ਨਾਲ ਨਾ ਦੇ ਸਕਣ, ਤਾਂ ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੋਵੀਜ਼ਨਲ ਦਾਖਲਾ ਦੇ ਦਿੱਤਾ ਜਾਵੇ ਪਰੰਤੂ ਸਲਾਨਾ ਪ੍ਰੀਖਿਆਵਾਂ ਸ਼ੁਰੂ ਹੋਣ ਤੋਂ ਪਹਿਲਾਂ ਉਕਤ ਦੋਨਾਂ ਵਿੱਚੋਂ ਕੋਈ ਇੱਕ ਸਰਟੀਫਿਕੇਟ ਸਬੰਧਤ ਵਿਦਿਆਰਥੀ ਦੁਆਰਾ ਸਕੂਲ ਮੁੱਖੀ ਨੂੰ ਪੇਸ਼ ਕਰੇ।

ਵਿਸ਼ੇਸ਼ ਨੋਟ- ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਰਜਿਸਟ੍ਰੇਸ਼ਨ ਲਈ ਨਿਰਧਾਰਿਤ ਅੰਤਿਮ ਮਿਤੀ ਤੋਂ ਸੱਤ ਦਿਨ ਪਹਿਲਾਂ ਤੱਕ ਅਪਣੇ ਦਾਖਲੇ ਸਕੂਲ ਪੱਧਰ ਤੇ ਮੁਕੰਮਲ ਕਰ ਲਏ ਜਾਣ।

ਨੋਟ: ਦਾਖਲੇ ਸਬੰਧੀ ਯੋਗਤਾਵਾਂ ਅਤੇ ਸ਼ਰਤਾਂ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਫੋਨ ਨੰ. 0172-5227180-181 ਤੇ ਦਫਤਰੀ ਕੰਮ-ਕਾਜ ਵਾਲੇ ਦਿਨਾਂ (ਸਵੇਰੇ 9:00 ਵਜੇ ਤੋਂ ਸ਼ਾਮ 5:00 ਵਜੇ ਤੱਕ) ਵਿੱਚ ਸੰਪਰਕ ਕੀਤਾ ਜਾ ਸਕਦਾ ਹੈ।

24.8.2020
ਉਪ-ਸਕੱਤਰ (ਅਕਾਦਮਿਕ)
ਪੰਜਾਬ ਸਕੂਲ ਸਿੱਖਿਆ ਬੋਰਡ।

ਅਕਾਦਮਿਕ ਸਾਲ 2020-21 ਲਈ ਅੱਠਵੀਂ ਸ਼੍ਰੇਣੀ ਵਿੱਚ ਦਾਖਲੇ ਲਈ ਯੋਗਤਾਵਾਂ ਅਤੇ ਸ਼ਰਤਾਂ:-

1. ਯੋਗਤਾ ਸਬੰਧੀ ਜ਼ਿੰਮੇਵਾਰੀ ਨਿਰੋਲ ਸਕੂਲ ਮੁੱਖੀ ਦੀ ਹੈ। ਇਸ ਲਈ ਦਾਖਲੇ ਸਬੰਧੀ ਯੋਗਤਾਵਾਂ ਅਤੇ ਸ਼ਰਤਾਂ ਨੂੰ ਮੁੱਖ ਰੱਖ ਕੇ ਹੀ ਵਿਦਿਆਰਥੀਆ ਦੇ ਦਾਖਲੇ ਪ੍ਰਵਾਨ ਕੀਤੇ ਜਾਣ। ਇਸ ਮਕਸਦ ਲਈ ਇੱਕ ਦਾਖਲਾ ਪੜਤਾਲ ਕਮੇਟੀ ਬਣਾਈ ਜਾਵੇ, ਜੋ ਪੂਰਵ ਘੋਖ ਕਰਕੇ ਯੋਗਤਾ ਚੈੱਕ ਕਰੇ ਤਾਂ ਜੋ ਕੇਵਲ ਯੋਗ ਵਿਦਿਆਰਥੀ ਹੀ ਦਾਖਲ ਹੋ ਸਕਣ।

2. ਅੱਠਵੀਂ ਸ਼੍ਰੇਣੀ ਵਿੱਚ ਉਹ ਵਿਦਿਆਰਥੀ ਹੀ ਦਾਖਲ ਕੀਤੇ ਜਾਣ, ਜਿਨ੍ਹਾਂ ਨੇ ਸੱਤਵੀਂ ਸ਼੍ਰੇਣੀ ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਰਕਾਰੀ/ਐਫੀਲਿਏਟਿਡ/ਏਡਿਡ ਐਸੋਸੀਏਟਿਡ ਸਕੂਲ ਤੋਂ ਪਾਸ ਕੀਤਾ ਹੋਵੇ। ਜਦੋਂ ਵੀ ਸਕੂਲ ਵੱਲੋਂ ਬੋਰਡ ਨਾਲ ਕੋਈ ਪੱਤਰ ਵਿਹਾਰ ਕਰਨਾ ਹੋਵੇ, ਸਕੂਲ ਵੱਲੋਂ ਭੇਜੇ ਗਏ ਪੱਤਰ ਵਿੱਚ ਸ਼ਨਾਖਤੀ ਨੰਬਰ/ਸਕੂਲ ਕੋਡ ਲਿਖਿਆ ਹੋਣਾ ਚਾਹੀਦਾ ਹੈ ।

ਜਾਂ

ਅੱਠਵੀਂ ਸ਼੍ਰੇਣੀ ਵਿੱਚ ਦਾਖਲ ਹੋਣ ਲਈ ਵਿਦਿਆਰਥੀ ਦੀ 31 ਮਾਰਚ ਤੱਕ ਘੱਟੋ ਘੱਟ ਉਮਰ 12 ਸਾਲ ਹੋਣੀ ਚਾਹੀਦੀ ਹੈ। ਇਸ ਸਬੰਧੀ ਯੋਗਤਾ ਚੈੱਕ ਕਰਨ ਦੀ ਨਿਰੋਲ ਜ਼ਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।

3. ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਬੋਰਡ ਦੇ ਤੁਲ ਕਿਸੇ ਦੂਜੇ ਬੋਰਡ ਤੋਂ ਪਿਛਲੇ ਦੋ ਸਾਲਾਂ ਤੱਕ ਅੱਠਵੀਂ ਸ਼੍ਰੇਣੀ ਵਿੱਚ ਕੇਵਲ ਰੈਗੂਲਰ ਵਿਦਿਆਰਥੀ ਜਿਨ੍ਹਾਂ ਦਾ ਨਤੀਜਾ not Promoted ਘੋਸ਼ਿਤ ਹੋਇਆ ਹੋਵੇ, ਉਹ ਵਿਦਿਆਰਥੀ ਅੱਠਵੀਂ ਸ਼੍ਰੇਣੀ ਵਿੱਚ ਰੈਗੂਲਰ ਦਾਖਲੇ ਦੇ ਯੋਗ ਹੋਣਗੇ।

4. ਜੇ ਕੋਈ ਰੈਗੂਲਰ ਉਮੀਦਵਾਰ ਅੱਠਵੀਂ ਸ਼੍ਰੇਣੀ ਦੀ ਰੀ-ਅਪੀਅਰ ਪ੍ਰੀਖਿਆ ਵਿੱਚ Promoted ਹੁੰਦਾ ਹੈ ਤਾਂ ਉਹ ਨੌਂਵੀਂ ਸ਼੍ਰੇਣੀ ਵਿੱਚ ਦਾਖਲੇ ਦੇ ਯੋਗ ਹੈ। ਜੇਕਰ ਮੌਜੂਦਾ ਸੈਸ਼ਨ ਵਿੱਚ ਕੋਈ ਉਮੀਦਵਾਰ ਅੱਠਵੀਂ ਦੀ ਰੀ-ਅਪੀਅਰ ਦੀ ਪ੍ਰੀਖਿਆ ਵਿੱਚ not Promoted ਘੋਸ਼ਿਤ ਹੁੰਦਾ ਹੈ ਤਾਂ ਉਹ ਮੌਜੂਦਾ ਸੈਸ਼ਨ ਵਿੱਚ ਮੁੜ ਅੱਠਵੀਂ ਸ਼੍ਰੇਣੀ ਵਿੱਚ ਦਾਖਲੇ ਦੇ ਯੋਗ ਹੈ।

5. ਸਕੂਲਾਂ ਨੂੰ ਪ੍ਰਵਾਨਿਤ ਸੀਟਾਂ ਅਨੁਸਾਰ ਹੀ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਵੇ।

6. ਬੋਰਡ ਵੱਲੋਂ ਜਾਰੀ ਦਾਖਲਾ ਸ਼ਡਿਊਲ ਵਿੱਚ ਦਰਸਾਈਆਂ ਮਿਤੀਆਂ ਖਤਮ ਹੋਣ ਉਪਰੰਤ ਸਕੂਲ ਮੁੱਖੀ ਵੱਲੋਂ ਕਿਸੇ ਵੀ ਵਿਦਿਆਰਥੀ ਨੂੰ ਅਪਣੇ ਪੱਧਰ ਤੇ ਦਾਖਲਾ ਨਾ ਦਿੱਤਾ ਜਾਵੇ।

7. ਹੋਰ ਰਾਜ/ ਬੋਰਡ ਤੋਂ ਮਾਈਗ੍ਰੇਟ ਹੋ ਕੇ ਆਏ ਵਿਦਿਆਰਥੀਆਂ ਦੇ ਦਾਖਲੇ ਸਬੰਧੀ ਹੇਠਾਂ ਦਰਸਾਏ ਦਸਤਾਵੇਜ ਪੇਸ਼ ਕਰਨ ਤੇ ਹੀ ਵਿਦਿਆਰਥੀ ਸਬੰਧਤ ਸ਼੍ਰੇਣੀ ਵਿੱਚ ਦਾਖਲ ਹੋ ਸਕਦੇ ਹਨ:-

- ਜਿਹੜੇ ਵਿਦਿਆਰਥੀਆਂ ਨੇ ਜਿਸ ਕਲਾਸ ਵਿੱਚ ਦਾਖਲਾ ਲੈਣਾ ਹੈ, ਉਸ ਕੋਲ ਹੇਠਲੀ ਸ਼੍ਰੇਣੀ ਪਾਸ ਹੋਣ ਦਾ ਨਤੀਜਾ ਕਾਰਡ ਜਾਂ ਟ੍ਰਾਂਸਫਰ ਸਰਟੀਫਿਕੇਟ (ਕੋਈ ਇੱਕ ਡਾਕੂਮੈਂਟ) ਹੀ ਲਿਆ ਜਾਵੇ।

  ਜਾਂ

  ਅੱਠਵੀਂ ਸ਼੍ਰੇਣੀ ਵਿੱਚ ਦਾਖਲ ਹੋਣ ਲਈ ਵਿਦਿਆਰਥੀ ਦੀ 31 ਮਾਰਚ ਤੱਕ ਘੱਟੋ ਘੱਟ ਉਮਰ 12 ਸਾਲ ਹੋਣੀ ਚਾਹੀਦੀ ਹੈ। ਇਸ ਸਬੰਧੀ ਯੋਗਤਾ ਚੈੱਕ ਕਰਨ ਦੀ ਨਿਰੋਲ ਜ਼ਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।

- ਸਕੂਲ ਮੁੱਖੀ ਦੁਆਰਾ ਟ੍ਰਾਂਸਫਰ ਸਰਟੀਫਿਕੇਟ/ਨਤੀਜਾ ਕਾਰਡ ਕਿਸੇ ਹੋਰ ਅਥਾਰਟੀ ਤੋਂ ਵੈਰੀਫਾਈ ਕਰਵਾਉਣ ਦੀ ਲੋੜ ਨਹੀਂ ਹੋਵੇਗੀ। ਇਸ ਸਬੰਧ ਵਿੱਚ ਸਕੂਲ ਮੁੱਖੀ ਸੀ.ਬੀ.ਐਸ.ਈ ਜਾਂ ਦੂਜੇ ਰਾਜਾਂ ਦੇ ਬੋਰਡਾਂ ਦੀ ਵੈੱਬਸਾਈਟ ਤੇ ਜਾ ਕੇ ਸਕੂਲ ਬਾਰੇ ਵੈਰੀਫਾਈ ਕਰ ਲੈਣ ਕਿ ਸਰਟੀਫਿਕੇਟ ਜਾਰੀ ਕਰਨ ਵਾਲੀ ਸੰਸਥਾ/ਸਕੂਲ ਬੋਰਡ ਨਾਲ ਐਫੀਲੀਏਟਡ ਹੈ ਜਾਂ ਨਹੀਂ। ਨਾਲ ਹੀ ਸਕੂਲ ਮੁੱਖੀ ਜਾਂ ਕਲਾਸ ਇੰਚਾਰਜ ਵੈੱਬਸਾਈਟ ਤੇ ਜਾ ਕੇ ਵੈਰੀਫਾਈ ਕਰਨ ਉਪਰੰਤ ਇਸ ਸਬੰਧ ਵਿੱਚ ਆਪਣੇ ਰਿਕਾਰਡ ਨਾਲ ਸਬੰਧਤ ਵੇਰਵੇ ਦਰਜ ਕਰ ਦੇਣ।
- ਜਿਹੜੇ ਵਿਦਿਆਰਥੀ ਦਾਖਲ ਹੋਣ ਸਮੇਂ ਨਤੀਜਾ ਕਾਰਡ ਜਾਂ ਟ੍ਰਾਂਸਫਰ ਸਰਟੀਫਿਕੇਟ ਕਿਸੇ ਵਜ੍ਹਾ ਨਾਲ ਨਾ ਦੇ ਸਕਣ, ਤਾਂ ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੋਵੀਜ਼ਨਲ ਦਾਖਲਾ ਦੇ ਦਿੱਤਾ ਜਾਵੇ ਪਰੰਤੂ ਸਲਾਨਾ ਪ੍ਰੀਖਿਆਵਾਂ ਸ਼ੁਰੂ ਹੋਣ ਤੋਂ ਪਹਿਲਾਂ ਉਕਤ ਦੋਨਾਂ ਵਿੱਚੋਂ ਕੋਈ ਇੱਕ ਸਰਟੀਫਿਕੇਟ ਸਬੰਧਤ ਵਿਦਿਆਰਥੀ ਦੁਆਰਾ ਸਕੂਲ ਮੁੱਖੀ ਨੂੰ ਪੇਸ਼ ਕਰੇ।

ਵਿਸ਼ੇਸ਼ ਨੋਟ:- ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਰਜਿਸਟ੍ਰੇਸ਼ਨ ਲਈ ਨਿਰਧਾਰਿਤ ਅੰਤਿਮ ਮਿਤੀ ਤੋਂ ਸੱਤ ਦਿਨ ਪਹਿਲਾਂ ਤੱਕ ਅਪਣੇ ਦਾਖਲੇ ਸਕੂਲ ਪੱਧਰ ਤੇ ਮੁਕੰਮਲ ਕਰ ਲਏ ਜਾਣ।

- ਨੋਟ: ਦਾਖਲੇ ਸਬੰਧੀ ਯੋਗਤਾਵਾਂ ਅਤੇ ਸ਼ਰਤਾਂ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਫੋਨ ਨੰ. 0172-5227180-181 ਤੇ ਦਫਤਰੀ ਕੰਮ-ਕਾਜ ਵਾਲੇ ਦਿਨਾਂ (ਸਵੇਰੇ 9:00 ਵਜੇ ਤੋਂ ਸ਼ਾਮ 5:00 ਵਜੇ ਤੱਕ) ਵਿੱਚ ਸੰਪਰਕ ਕੀਤਾ ਜਾ ਸਕਦਾ ਹੈ।

24.8.2020

ਉਪ-ਸਕੱਤਰ (ਅਕਾਦਮਿਕ)
ਪੰਜਾਬ ਸਕੂਲ ਸਿੱਖਿਆ ਬੋਰਡ।

## ਪੰਜਾਬ ਸਕੂਲ ਸਿੱਖਿਆ ਬੋਰਡ

## ਸਾਲ/ਸੈਸ਼ਨ 2020-2021ਲਈ ਨੌਂਵੀਂ ਸ਼੍ਰੇਣੀ ਵਿੱਚ ਦਾਖਲੇ ਲਈ ਯੋਗਤਾਵਾਂ ਅਤੇ ਸ਼ਰਤਾਂ

ਵਿਸ਼ੇਸ਼ ਨੋਟ:- ਦਾਖਲੇ ਸਬੰਧੀ ਅੱਠਵੀਂ ਦੇ ਨਤੀਜੇ ਆਉਣ ਦੀ ਉਡੀਕ ਨਾ ਕੀਤੀ ਜਾਵੇ ਅਤੇ ਦਾਖਲਾ ਸ਼ਡਿਊਲ ਅਨੁਸਾਰ ਆਰਜ਼ੀ ਤੌਰ ਤੇ ਦਾਖਲੇ ਕੀਤੇ ਜਾਣ।

1) ਯੋਗਤਾ ਸਬੰਧੀ ਜ਼ਿੰਮੇਵਾਰੀ ਨਿਰੋਲ ਸਕੂਲ ਮੁਖੀ ਦੀ ਹੈ। ਇਸ ਲਈ MHRD ਵਲੋਂ ਪ੍ਰਵਾਨਿਤ ਬੋਰਡਜ਼ (ਬੋਰਡ ਦੀ ਵੈਬਸਾਈਟ www.pseb.ac.in ਤੇ ਉਪਲੱਬਧ ਸੂਚੀ) ਨੂੰ ਮੁੱਖ ਰੱਖ ਕੇ ਹੀ ਵਿਦਿਆਰਥੀਆਂ ਦੇ ਦਾਖਲੇ ਪ੍ਰਵਾਨ ਕੀਤੇ ਜਾਣ। ਵਿਦਿਆਰਥੀਆਂ ਦੀ ਯੋਗਤਾ ਯਕੀਨੀ ਬਣਾਏ ਜਾਣ ਲਈ ਆਪਣੀ ਸੰਸਥਾ ਵਿੱਚ ਇੱਕ ਦਾਖਲਾ ਪੜਤਾਲ ਕਮੇਟੀ ਬਣਾਈ ਜਾਵੇ, ਜੋ ਪੂਰਵ ਘੋਖ ਕਰਕੇ ਯੋਗਤਾ ਚੈੱਕ ਕਰੇ, ਤਾਂ ਜੋ ਕੇਵਲ ਯੋਗ ਵਿਦਿਆਰਥੀ ਹੀ ਦਾਖਲ ਹੋ ਸਕਣ। ਨੌਂਵੀਂ ਸ਼੍ਰੇਣੀ ਦੀ ਰਿਟਰਨ ਵਿੱਚ ਸਬੰਧਤ ਕਮੇਟੀ ਦੇ ਹਸਤਾਖਰ ਕਰਵਾ ਕੇ ਸਕੂਲ ਦੇ ਰਿਕਾਰਡ ਵਿੱਚ ਰੱਖ ਲਈ ਜਾਵੇ।

2) ਨੌਂਵੀਂ ਸ਼੍ਰੇਣੀ ਵਿੱਚ ਉਹ ਵਿਦਿਆਰਥੀ ਹੀ ਦਾਖ਼ਲ ਕੀਤੇ ਜਾਣ, ਜਿਨ੍ਹਾਂ ਨੇ ਅੱਠਵੀਂ ਸ਼੍ਰੇਣੀ ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਪਾਸ ਕੀਤੀ ਹੋਵੇ ਜਾਂ ਕਿਸੇ ਦੂਸਰੇ ਬੋਰਡ ਤੋਂ (MHRD ਵਲੋਂ ਪ੍ਰਵਾਨਿਤ ਬੋਰਡਜ਼ (ਬੋਰਡ ਦੀ ਵੈਬਸਾਈਟ www.pseb.ac.in ਤੇ ਉਪਲੱਬਧ ਸੂਚੀ ਅਨੁਸਾਰ) ਦੇ ਬਰਾਬਰ ਦੀ ਪ੍ਰੀਖਿਆ ਪਾਸ ਕੀਤੀ ਹੋਵੇ।

3) ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਪ੍ਰਵਾਨਿਤ ਸੀਟਾਂ/ ਪ੍ਰਵਾਨਿਤ ਗੁਰੱਪ ਅਨੁਸਾਰ ਹੀ ਵਿਦਿਆਰਥੀਆਂ ਨੂੰ ਦਾਖ਼ਲਾ ਦਿੱਤਾ ਜਾਵੇ। ਜਦੋਂ ਵੀ ਸਕੂਲ ਵਲੋਂ ਬੋਰਡ ਨਾਲ ਕੋਈ ਪੱਤਰ ਵਿਹਾਰ ਕਰਨਾ ਹੋਵੇ, ਸਕੂਲ ਵੱਲੋਂ ਭੇਜੇ ਗਏ ਪੱਤਰ ਵਿੱਚ ਸ਼ਨਾਖਤੀ ਨੰਬਰ/ਸਕੂਲ ਕੋਡ ਲਿਖਿਆ ਹੋਣਾ ਚਾਹੀਦਾ ਹੈ।

4) ਬੋਰਡ ਵੱਲੋਂ ਜਾਰੀ ਦਾਖਲਾ ਸ਼ਡਿਊਲ ਵਿੱਚ ਦਰਸਾਈਆਂ ਮਿਤੀਆਂ ਖਤਮ ਹੋਣ ਉਪਰੰਤ ਸਕੂਲ ਮੁਖੀ ਵੱਲੋਂ ਕਿਸੇ ਵੀ ਵਿਦਿਆਰਥੀ ਨੂੰ ਆਪਣੇ ਪੱਧਰ ਤੇ ਦਾਖ਼ਲਾ ਨਾ ਦਿੱਤਾ ਜਾਵੇ।

5) ਜਿਨ੍ਹਾਂ ਵਿਦਿਆਰਥੀਆਂ ਦੀ ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਬੋਰਡ ਦੇ ਤੁਲ ਕਿਸੇ ਹੋਰ ਬੋਰਡ ਵੱਲੋਂ ਲਈ ਗਈ ਅਠਵੀਂ ਸ਼੍ਰੇਣੀ ਦੀ ਰੈਗੂਲਰ ਪਰੀਖਿਆ ਵਿੱਚ ਰੀਅਪੀਅਰ ਆਈ ਹੋਵੇ, ਉਹ ਵਿਦਿਆਰਥੀ ਨੌਂਵੀਂ ਸ਼੍ਰੇਣੀ ਵਿੱਚ ਆਰਜੀ ਦਾਖਲੇ ਦੇ ਯੋਗ ਹੋਣਗੇ।

6) ਕੋਈ ਉਮੀਦਵਾਰ, ਜਿਸ ਦਾ ਅਠਵੀਂ ਸ਼੍ਰੇਣੀ ਦਾ ਨਤੀਜਾ ਬੋਰਡ ਵਲੋਂ ਕਿਸੇ ਕਾਰਨ ਲੇਟ ਘੋਸ਼ਿਤ ਕੀਤਾ ਗਿਆ ਹੋਵੇ, ਅਜਿਹਾ ਵਿਦਿਆਰਥੀ ਆਪਣਾ ਨਤੀਜਾ ਘੋਸ਼ਿਤ ਹੋਣ ਦੇ 15 ਦਿਨਾਂ ਦੇ ਅੰਦਰ, ਲੇਟ ਫ਼ੀਸ ਤੋਂ ਬਿਨਾਂ ਦਾਖਲਾ ਲੈ ਸਕਣਗੇ ਅਤੇ ਇਹਨਾਂ ਵਿਦਿਆਰਥੀਆਂ ਦੀਆਂ ਹਾਜ਼ਰੀਆਂ ਉਸ ਦੇ ਸੰਸਥਾ ਵਿੱਚ ਦਾਖਲ ਹੋਣ ਦੀ ਤਰੀਕ ਤੋਂ ਗਿਣੀਆਂ ਜਾਣਗੀਆਂ।

7) ਹੋਰ ਰਾਜਾਂ/ਬੋਰਡਾਂ ਤੋਂ ਮਾਈਗ੍ਰੇਟ ਹੋ ਕੇ ਆਏ ਵਿਦਿਆਰਥੀਆਂ ਦੇ ਦਾਖਲੇ ਸਬੰਧੀ ਹੇਠਾਂ ਦਰਸਾਏ ਦਸਤਾਵੇਜ ਪੇਸ਼ ਕਰਨ ਤੇ ਹੀ ਵਿਦਿਆਰਥੀ ਸਬੰਧਤ ਸ਼੍ਰੇਣੀ ਵਿੱਚ ਦਾਖਲ ਹੋ ਸਕਦੇ ਹਨ।

i. ਜਿਹੜੇ ਵਿਦਿਆਰਥੀ ਨੇ ਜਿਸ ਕਲਾਸ ਵਿੱਚ ਦਾਖਲਾ ਲੈਣਾ ਹੈ, ਉਸ ਕੋਲ ਹੇਠਲੀ ਸ਼੍ਰੇਣੀ ਪਾਸ ਹੋਣ ਦਾ ਨਤੀਜਾ ਕਾਰਡ ਜਾਂ ਟਰਾਂਸਫਰ ਸਰਟੀਫਿਕੇਟ (ਕੋਈ ਇੱਕ ਡਾਕੂਮੈਂਟ) ਹੀ ਲਿਆ ਜਾਵੇ।

ii. ਸਕੂਲ ਮੁਖੀ ਦੁਆਰਾ ਟਰਾਂਸਫਰ ਸਰਟੀਫਿਕੇਟ/ਨਤੀਜਾ ਕਾਰਡ ਕਿਸੇ ਹੋਰ ਅਥਾਰਟੀ ਤੋਂ ਵੈਰੀਫਾਈ ਕਰਵਾਉਣ ਦੀ ਲੋੜ ਨਹੀਂ ਹੋਵੇਗੀ। ਇਸ ਸਬੰਧ ਵਿੱਚ ਸਕੂਲ ਮੁੱਖੀ ਸੀ.ਬੀ.ਐਸ.ਈ. ਜਾਂ ਦੂਜੇ ਰਾਜਾਂ ਦੇ ਬੋਰਡਾਂ ਦੀ ਵੈਬਸਾਈਟ ਤੇ ਜਾ ਕੇ ਸਕੂਲ ਬਾਰੇ ਵੈਰੀਫਾਈ ਕਰਨ ਲੈਣ ਕਿ ਸਰਟੀਫਿਕੇਟ ਜਾਰੀ ਕਰਨ ਵਾਲੀ ਸੰਸਥਾ/ਸਕੂਲ ਬੋਰਡ ਨਾਲ ਐਫੀਲੀਏਟਡ ਹੈ ਜਾਂ ਨਹੀਂ। ਨਾਲ ਹੀ ਸਕੂਲ ਮੁੱਖੀ ਜਾਂ ਕਲਾਸ ਇੰਚਾਰਜ ਵੈਬਸਾਈਟ ਤੇ ਜਾ ਕੇ ਵੇਰੀਫਾਈ ਕਰਨ ਉਪਰੰਤ ਇਸ ਸਬੰਧ ਵਿੱਚ ਆਪਣੇ ਰਿਕਾਰਡ ਸਬੰਧਤ ਵੇਰਵੇ ਦਰਜ ਕਰ ਦੇਣ।

iii. ਜਿਹੜੇ ਵਿਦਿਆਰਥੀ ਦਾਖਲ ਹੋਣ ਸਮੇਂ ਨਤੀਜਾ ਕਾਰਡ ਜਾਂ ਟਰਾਂਸਫਰ ਸਰਟੀਫਿਕੇਟ ਕਿਸੇ ਵਜ੍ਹਾ ਨਾਲ ਨਾ ਦੇ ਸਕਣ, ਤਾਂ ਉਹਨਾਂ ਵਿਦਿਆਰਥੀਆਂ ਨੂੰ ਪ੍ਰੋਵੀਜਨਲ ਦਾਖਲਾ ਦੇ ਦਿੱਤਾ ਜਾਵੇ ਪ੍ਰੰਤੂ ਸਲਾਨਾ ਪ੍ਰੀਖਿਆਵਾਂ ਸ਼ੁਰੂ ਹੋਣ ਤੋਂ ਪਹਿਲਾਂ ਉਕਤ ਦੋਨਾਂ ਵਿੱਚੋਂ ਕੋਈ ਇੱਕ ਸਰਟੀਫਿਕੇਟ ਸਬੰਧਤ ਵਿਦਿਆਰਥੀ ਦੁਆਰਾ ਸਕੂਲ ਮੁਖੀ ਨੂੰ ਪੇਸ਼ ਕਰੇ।

ਵਿਸ਼ੇਸ਼ ਨੋਟ: ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਰਜਿਸਟ੍ਰੇਸ਼ਨ ਲਈ ਨਿਰਧਾਰਿਤ ਅੰਤਿਮ ਮਿਤੀ ਤੋਂ ਸੱਤ ਦਿਨ ਪਹਿਲਾਂ ਤੱਕ ਆਪਣੇ ਦਾਖਲੇ ਸਕੂਲ ਪੱਧਰ ਤੇ ਮੁਕੰਮਲ ਕਰ ਲਏ ਜਾਣ।

ਨੋਟ : ਦਾਖਲੇ ਸਬੰਧੀ ਯੋਗਤਾਵਾਂ ਅਤੇ ਸ਼ਰਤਾਂ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਬੋਰਡ ਦਫਤਰ ਦੇ ਫੋਨ ਨੰਬਰ 0172-5227180-181 ਤੇ ਦਫਤਰੀ ਕੰਮ-ਕਾਜ ਵਾਲੇ ਦਿਨਾਂ (ਸਵੇਰੇ 9:00 ਵਜੇ ਤੋਂ ਸ਼ਾਮ 5:00 ਵਜੇ ਤੱਕ) ਵਿੱਚ ਸੰਪਰਕ ਕੀਤਾ ਜਾ ਸਕਦਾ ਹੈ।

24.8.2020

ਉਪ ਸਕੱਤਰ (ਅਕਾਦਮਿਕ)

ਪੰਜਾਬ ਸਕੂਲ ਸਿੱਖਿਆ ਬੋਰਡ

## ਸਾਲ/ਸੈਸ਼ਨ 2020-2021 ਲਈ ਦਸਵੀਂ ਸ਼੍ਰੇਣੀ ਵਿੱਚ ਦਾਖਲੇ ਲਈ ਯੋਗਤਾਵਾਂ ਅਤੇ ਸ਼ਰਤਾਂ

1 ਯੋਗਤਾ ਸਬੰਧੀ ਜ਼ਿੰਮੇਵਾਰੀ ਨਿਰੋਲ ਸਕੂਲ ਮੁਖੀ ਦੀ ਹੈ। ਇਸ ਲਈ MHRD ਵਲੋਂ ਪ੍ਰਵਾਨਿਤ ਬੋਰਡਜ਼ (ਬੋਰਡ ਦੀ ਵੈਬਸਾਈਟ www.pseb.ac.in ਤੇ ਉਪਲੱਬਧ ਸੂਚੀ) ਨੂੰ ਮੁੱਖ ਰੱਖ ਕੇ ਹੀ ਵਿਦਿਆਰਥੀਆਂ ਦੇ ਦਾਖਲੇ ਪ੍ਰਵਾਨ ਕੀਤੇ ਜਾਣ। ਵਿਦਿਆਰਥੀਆਂ ਦੀ ਯੋਗਤਾ ਯਕੀਨੀ ਬਣਾਏ ਜਾਣ ਲਈ ਆਪਣੀ ਸੰਸਥਾ ਵਿੱਚ ਇੱਕ ਦਾਖਲਾ ਪੜਤਾਲ ਕਮੇਟੀ ਬਣਾਈ ਜਾਵੇ, ਜੋ ਪੂਰਵ ਘੋਖ ਕਰਕੇ ਯੋਗਤਾ ਚੈੱਕ ਕਰੇ, ਤਾਂ ਜੋ ਕੇਵਲ ਯੋਗ ਵਿਦਿਆਰਥੀ ਹੀ ਦਾਖਲ ਹੋ ਸਕਣ। ਦਸਵੀਂ ਸ਼੍ਰੇਣੀ ਦੀ ਰਿਟਰਨ ਵਿੱਚ ਸਬੰਧਤ ਕਮੇਟੀ ਦੇ ਹਸਤਾਖਰ ਕਰਵਾ ਕੇ ਸਕੂਲ ਦੇ ਰਿਕਾਰਡ ਵਿੱਚ ਰੱਖ ਲਈ ਜਾਵੇ।

2 ਦਸਵੀਂ ਸ਼੍ਰੇਣੀ ਵਿੱਚ ਉਹ ਵਿਦਿਆਰਥੀ ਹੀ ਦਾਖ਼ਲ ਕੀਤੇ ਜਾਣ, ਜਿਨ੍ਹਾਂ ਨੇ ਨੌਵੀਂ ਸ਼੍ਰੇਣੀ ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਕੂਲ ਤੋਂ ਪਾਸ ਕੀਤੀ ਹੋਵੇ। ਜਦੋਂ ਵੀ ਸਕੂਲ ਵਲੋਂ ਬੋਰਡ ਨਾਲ ਕੋਈ ਪੱਤਰ ਵਿਹਾਰ ਕਰਨਾ ਹੋਵੇ, ਸਕੂਲ ਵਲੋਂ ਭੇਜੇ ਗਏ ਪੱਤਰ ਵਿੱਚ ਸ਼ਨਾਖਤੀ ਨੰਬਰ/ਸਕੂਲ ਕੋਡ ਲਿਖਿਆ ਹੋਣਾ ਚਾਹੀਦਾ ਹੈ।

3 ਬੋਰਡ ਜਾਂ ਬੋਰਡ ਦੇ ਤੁਲ ਕਿਸੇ ਦੂਜੇ ਬੋਰਡ ਤੋਂ ਪਿਛਲੇ ਦੋ ਸਾਲਾਂ ਤੱਕ ਦਸਵੀਂ ਸ਼੍ਰੇਣੀ ਵਿੱਚ ਕੇਵਲ ਰੈਗੂਲਰ ਵਿਦਿਆਰਥੀ ਜਿਨ੍ਹਾਂ ਦਾ ਨਤੀਜਾ ਫੇਲ੍ਹ ਘੋਸ਼ਿਤ ਹੋਇਆ ਹੋਵੇ, ਉਹ ਵਿਦਿਆਰਥੀ ਦਸਵੀਂ ਸ਼੍ਰੇਣੀ ਵਿੱਚ ਰੈਗੂਲਰ ਦਾਖ਼ਲੇ ਦੇ ਯੋਗ ਹੋਣਗੇ।

4 ਚਾਲੂ ਸੈਸ਼ਨ ਤੋਂ ਪਿਛਲੇ ਤਿੰਨ ਸਾਲਾਂ ਦੌਰਾਨ ਜਿਨ੍ਹਾਂ ਵਿਦਿਆਰਥੀਆਂ ਨੇ ਨੌਵੀਂ ਸ਼੍ਰੇਣੀ ਰੈਗੂਲਰ ਤੌਰ ਤੇ ਸਰਕਾਰੀ/ ਐਫੀਲਿਏਟਡ/ਏਡਿਡ/ਐਸੋਸੀਏਟਿਡ ਸਕੂਲ ਤੋਂ ਪਾਸ ਕੀਤੀ ਹੋਵੇ, ਉਹ ਵਿਦਿਆਰਥੀ ਦਸਵੀਂ ਸ਼੍ਰੇਣੀ ਵਿੱਚ ਰੈਗੂਲਰ ਦਾਖ਼ਲੇ ਦੇ ਯੋਗ ਹੋਣਗੇ।

5 ਜੇ ਕੋਈ ਰੈਗੂਲਰ ਵਿਦਿਆਰਥੀ ਦਸਵੀਂ ਸ਼੍ਰੇਣੀ ਪ੍ਰੀਖਿਆ ਦੀ ਕੰਪਾਰਟਮੈਂਟ/ਮੁੜ ਪ੍ਰੀਖਿਆ ਅਧੀਨ ਰੱਖਿਆ ਗਿਆ ਹੈ, ਕੰਪਾਰਟਮੈਂਟ/ਮੁੜ ਪ੍ਰੀਖਿਆ ਦਾ ਲਾਭ ਨਹੀਂ ਲੈਣਾ ਚਾਹੁੰਦਾ ਅਤੇ ਮੁੜ ਦਸਵੀਂ ਸ਼੍ਰੇਣੀ ਵਿੱਚ ਦਾਖ਼ਲਾ ਲੈਣਾ ਚਾਹੁੰਦਾ ਹੈ ਤਾਂ ਉਹ ਪ੍ਰੀਖਿਆਰਥੀ ਦਸਵੀਂ ਸ਼੍ਰੇਣੀ ਸਾਲਾਨਾ ਪ੍ਰੀਖਿਆ ਦਾ ਨਤੀਜਾ ਘੋਸ਼ਿਤ ਹੋਣ ਉਪਰੰਤ ਦਾਖਲੇ ਦੀ ਅੰਤਿਮ ਮਿਤੀ ਤੱਕ ਆਪਣਾ ਪੂਰਬਲਾ ਨਤੀਜਾ ਬੋਰਡ ਦੀ ਸਬੰਧਤ ਪ੍ਰੀਖਿਆ ਸ਼ਾਖਾ ਤੋਂ ਰੱਦ ਕਰਵਾਉਣ ਉਪਰੰਤ ਇਸ ਸਬੰਧੀ ਸਵੈ-ਘੋਸ਼ਣਾ ਪੱਤਰ ਦੇ ਕੇ ਮੁੜ ਦਾਖਲਾ ਲੈ ਸਕੇਗਾ।

6 ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਪ੍ਰਵਾਨਿਤ ਸੀਟਾਂ/ ਪ੍ਰਵਾਨਿਤ ਗੁਰੱਪ ਅਨੁਸਾਰ ਹੀ ਵਿਦਿਆਰਥੀਆਂ ਨੂੰ ਦਾਖ਼ਲਾ ਦਿੱਤਾ ਜਾਵੇ।

7 ਬੋਰਡ ਵਲੋਂ ਜਾਰੀ ਦਾਖ਼ਲਾ ਸ਼ਡਿਊਲ ਵਿੱਚ ਦਰਸਾਈਆਂ ਮਿਤੀਆਂ ਖਤਮ ਹੋਣ ਉਪਰੰਤ ਸਕੂਲ ਮੁੱਖੀ ਵਲੋਂ ਕਿਸੇ ਵੀ ਵਿਦਿਆਰਥੀ ਨੂੰ ਆਪਣੇ ਪੱਧਰ ਤੇ ਦਾਖ਼ਲਾ ਨਾ ਦਿੱਤਾ ਜਾਵੇ।

8 **ਹੋਰ ਰਾਜ/ਬੋਰਡ ਤੋਂ ਮਾਈਗਰੇਟ ਹੋ ਕੇ ਆਏ ਵਿਦਿਆਰਥੀਆਂ ਦੇ ਦਾਖਲੇ ਸੰਬੰਧੀ ਹੇਠਾਂ ਦਰਸਾਏ ਦਸਤਾਵੇਜ਼ ਪੇਸ਼ ਕਰਨ ਤੇ ਹੀ ਵਿਦਿਆਰਥੀ ਸਬੰਧਤ ਸ਼੍ਰੇਣੀ ਵਿੱਚ ਦਾਖਲ ਹੋ ਸਕਦੇ ਹਨ: -**

i. ਜਿਹੜੇ ਵਿਦਿਆਰਥੀ ਨੇ ਜਿਸ ਕਲਾਸ ਵਿੱਚ ਦਾਖਲਾ ਲੈਣਾ ਹੈ, ਉਸ ਕੋਲ ਹੇਠਲੀ ਸ਼੍ਰੇਣੀ ਪਾਸ ਹੋਣ ਦਾ ਨਤੀਜਾ ਕਾਰਡ ਜਾਂ ਟਰਾਂਸਫਰ ਸਰਟੀਫਿਕੇਟ (ਕੋਈ ਇੱਕ ਡਾਕੂਮੈਂਟ) ਹੀ ਲਿਆ ਜਾਵੇ।

ii. ਸਕੂਲ ਮੁੱਖੀ ਦੁਆਰਾ ਟਰਾਂਸਫਰ ਸਰਟੀਫਿਕੇਟ/ਨਤੀਜਾ ਕਾਰਡ ਕਿਸੇ ਹੋਰ ਅਥਾਰਟੀ ਤੋਂ ਵੈਰੀਫਾਈ ਕਰਵਾਉਣ ਦੀ ਲੋੜ ਨਹੀਂ ਹੋਵੇਗੀ। ਇਸ ਸਬੰਧ ਵਿੱਚ ਸਕੂਲ ਮੁੱਖੀ ਸੀ.ਬੀ.ਐਸ.ਈ. ਜਾਂ ਦੂਜੇ ਰਾਜਾਂ ਦੇ ਬੋਰਡਾਂ ਦੀ ਵੈਬਸਾਈਟ ਤੇ ਜਾ ਕੇ ਸਕੂਲ ਬਾਰੇ ਵੈਰੀਫਾਈ ਕਰਨ ਲੈਣ ਕਿ ਸਰਟੀਫਿਕੇਟ ਜਾਰੀ ਕਰਨ ਵਾਲੀ ਸੰਸਥਾ/ਸਕੂਲ ਬੋਰਡ ਨਾਲ ਐਫੀਲੀਏਟਡ ਹੈ ਜਾਂ ਨਹੀਂ। ਨਾਲ ਹੀ ਸਕੂਲ ਮੁੱਖੀ ਜਾਂ ਕਲਾਸ ਇੰਚਾਰਜ ਵੈਬਸਾਈਟ ਤੇ ਜਾ ਕੇ ਵੈਰੀਫਾਈ ਕਰਨ ਉਪਰੰਤ ਇਸ ਸਬੰਧ ਵਿੱਚ ਆਪਣੇ ਰਿਕਾਰਡ ਸਬੰਧਤ ਵੇਰਵੇ ਦਰਜ ਕਰ ਦੇਣ।

iii. ਜਿਹੜੇ ਵਿਦਿਆਰਥੀ ਦਾਖਲ ਹੋਣ ਸਮੇਂ ਨਤੀਜਾ ਕਾਰਡ ਜਾਂ ਟਰਾਂਸਫਰ ਸਰਟੀਫਿਕੇਟ ਕਿਸੇ ਵਜ੍ਹਾ ਨਾਲ ਨਾ ਦੇ ਸਕਣ, ਤਾਂ ਉਹਨਾਂ ਵਿਦਿਆਰਥੀਆਂ ਨੂੰ ਪ੍ਰੋਵੀਜਨਲ ਦਾਖਲਾ ਦੇ ਦਿੱਤਾ ਜਾਵੇ ਪ੍ਰੰਤੂ ਸਲਾਨਾ ਪ੍ਰੀਖਿਆਵਾਂ ਸ਼ੁਰੂ ਹੋਣ ਤੋਂ ਪਹਿਲਾਂ ਉਕਤ ਦੋਨਾਂ ਵਿੱਚੋਂ ਕੋਈ ਇੱਕ ਸਰਟੀਫਿਕੇਟ ਸਬੰਧਤ ਵਿਦਿਆਰਥੀ ਦੁਆਰਾ ਸਕੂਲ ਮੁੱਖੀ ਨੂੰ ਪੇਸ਼ ਕਰ,